# Meeting between External Affairs Minister and Foreign Minister of Portugal

October 14, 2020

## ਵਿਦੇਸ਼ ਮੰਤਰੀ ਅਤੇ ਪੁਰਤਗਾਲੀ ਵਿਦੇਸ਼ ਮੰਤਰੀ ਦਰਮਿਆਨ ਮੁਲਾਕਾਤ

14 ਅਕਤੂਬਰ, 2020

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ 14 ਅਕਤੂਬਰ 2020 ਨੂੰ ਆਪਣੇ ਪੁਰਤਗਾਲੀ ਹਮਰੁਤਬਾ ਵਿਦੇਸ਼ ਮੰਤਰੀ ਆਗਸਟੋ ਸੈਂਟੋਸ ਸਿਲਵਾ ਨਾਲ ਵਰਚੁਅਲ ਮਾਧਿਅਮ ਰਾਹੀਂ ਮੁਲਾਕਾਤ ਕੀਤੀ। ਦੋਨਾਂ ਆਗੂਆਂ ਨੇ COVID ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਹੋਈ ਵੱਡੀ ਭਾਈਵਾਲੀ ਸਮੇਤ ਵਿਸਥਾਰ ਨਾਲ ਦੁਵੱਲੇ ਸਬੰਧਾਂ ਅਤੇ COVID 19 ਮਹਾਂਮਾਰੀ ਤੋਂ ਬਾਅਦ ਦੀ ਦੁਨੀਆਂ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਸਮੀਖਿਆ ਕੀਤੀ। ਦੋਨਾਂ ਮੰਤਰੀਆਂ ਨੇ ਪਿਛਲੇ ਸਾਲਾਂ ਅੰਦਰ ਦੁਵੱਲੇ ਸਬੰਧਾਂ ਦੇ ਮਾਮਲੇ 'ਚ ਆਈ ਰਫਤਾਰ ਦੀ ਸ਼ਲਾਘਾ ਕੀਤੀ, ਜਿਸ ਦੌਰਾਨ ਅਕਸਰ ਉੱਚ-ਪੱਧਰੀ ਮੁਲਾਕਾਤਾਂ ਦਾ ਵਟਾਂਦਰਾ ਹੋਇਆ। ਉਨ੍ਹਾਂ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਸਬੰਧਾਂ ਦੀ ਰਫਤਾਰ ਨੂੰ, ਖਾਸ ਤੌਰ 'ਤੇ ਨਵੇਂ ਖੇਤਰਾਂ ਜਿਵੇਂ ਪਰਵਾਸ ਅਤੇ ਗਤੀਸ਼ੀਲਤਾ ਭਾਈਵਾਲੀ, ਰੱਖਿਆ ਸਹਿਯੋਗ ਅਤੇ ਆਰਥਿਕ ਸਬੰਧਾਂ ਨੂੰ ਹੋਰ ਡੂੰਘਾ ਕਰਨ ਦੇ ਮਾਮਲੇ ’ਚ, ਕਾਇਮ ਰੱਖਿਆ ਜਾਵੇਗਾ। ਦੋਨਾਂ ਆਗੂਆਂ ਨੇ ਭਾਰਤ - ਯੂਰਪੀਅਨ ਯੂਨੀਅਨ ਸਬੰਧਾਂ ਬਾਰੇ ਵੀ ਗੱਲਬਾਤ ਕੀਤੀ ਅਤੇ 2021 ਦੀ ਪੁਰਤਗਾਲੀ ਅਗੁਆਈ ਦੌਰਾਨ ਅਗਲੀ ਭਾਰਤ - ਯੂਰਪੀਅਨ ਯੂਨੀਅਨ 27 ਆਗੂ ਬੈਠਕ ਲਈ ਨੇੜਲੇ ਸਹਿਯੋਗ ਵਿੱਚ ਕੰਮ ਕਰਨ ਉੱਤੇ ਸਹਿਮਤੀ ਦਿੱਤੀ, ਜਿਸਦਾ ਸੱਦਾ ਪ੍ਰਧਾਨ ਮੰਤਰੀ ਐਂਟੋਨੀਓ ਕੋਸਟਾ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਨੂੰ ਦੇ ਚੁੱਕੇ ਹਨ। ਉਨ੍ਹਾਂ ਨੇ ਸੁਧਰੇ ਹੋਏ ਬਹੁ-ਪੱਖੀਵਾਦ ਪ੍ਰਤੀ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ ਅਤੇ ਸੰਯੁਕਤ ਰਾਸ਼ਟਰ ਸੁੱਰਖਿਆ ਪਰਿਸ਼ਦ ਵਿੱਚ 2021 ਤੋਂ ਸ਼ੁਰੂ ਹੋਣ ਵਾਲੀ ਭਾਰਤ ਦੀ ਮੌਜੂਦਗੀ ਦੇ ਵਿਸ਼ੇਸ਼ ਹਵਾਲੇ ਨਾਲ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਨੇੜਲਾ ਸੰਪਰਕ ਅਤੇ ਤਾਲਮੇਲ ਕਾਇਮ ਰੱਖਣ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
14 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.